# Punjab Government Gazette

## EXTRAORDINARY

***Published by Authority***

CHANDIGARH, WEDNESDAY, SEPTEMBER 9, 2026
(BHADRA 18, 1948 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| **ਭਾਗ I** | **ਐਕਟ** | |
| | 1. ਪੰਜਾਬ ਮਸ਼ੀਨੀ ਗੱਡੀਆਂ (ਪੁਲ ਅਤੇ ਸੜਕਾਂ ਟੋਲ) ਐਕਟ, 1998 (1998 ਦਾ ਪੰਜਾਬ ਐਕਟ ਨੰ. 13) | ... 987-999 |
| **ਭਾਗ II** | **ਆਰਡੀਨੈਂਸ** | |
| | *ਕੋਈ ਨਹੀਂ* | |
| **ਭਾਗ III** | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| **ਭਾਗ IV** | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

ਭਾਗ–I

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 9 ਸਤੰਬਰ, 2026

**ਨੰ. 65/ਭ:ਕ/2026.-** ਪੰਜਾਬ ਮਸ਼ੀਨੀ ਗੱਡੀਆਂ (ਪੁਲ ਅਤੇ ਸੜਕਾਂ ਟੋਲ) ਐਕਟ, 1998 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 9th September, 2026

**No. 65/L.C./2026.-** The Translation in Punjabi of the Punjab Mechanical Vehicles (Bridges and Roads Tolls) Act, 1998 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਮਸ਼ੀਨੀ ਗੱਡੀਆਂ (ਪੁਲ ਅਤੇ ਸੜਕਾਂ ਟੋਲ) ਐਕਟ, 1998

(1998 ਦਾ ਪੰਜਾਬ ਐਕਟ ਨੰ.13)

ਪੰਜਾਬ ਰਾਜ ਵਿੱਚ ਕੁਝ ਕੁ ਪੁਲਾਂ ਨੂੰ ਪਾਰ ਕਰਨ ਅਤੇ ਕੁਝ ਕੁ ਸੜਕਾਂ ਜਾਂ ਸੜਕਾਂ ਦੇ ਅਨੁਭਾਗ ਦੀ ਵਰਤੋਂ ਕਰਨ ਵਾਲੀਆਂ ਮਸ਼ੀਨੀ ਗੱਡੀਆਂ ਤੇ ਟੋਲ ਲਾਉਣ ਅਤੇ ਉਗਰਾਹੁਣ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਉਣੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ :–

ਸੰਖੇਪ ਨਾਂ ਅਤੇ ਆਰੰਭ।

1. (1) ਇਸ ਐਕਟ ਨੂੰ ਪੰਜਾਬ ਮਸ਼ੀਨੀ ਗੱਡੀਆਂ (ਪੁਲ ਅਤੇ ਸੜਕਾਂ ਟੋਲ) ਐਕਟ, 1998 ਕਿਹਾ ਜਾ ਸਕੇਗਾ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,–

(ੳ) "ਅਪੀਲੀ ਅਥਾਰਟੀ" ਦਾ ਮਤਲਬ ਹੈ ਇੱਕ ਸੁਪਰਡੰਟ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਇਮਾਰਤ ਅਤੇ ਸੜਕਾਂ ਸ਼ਾਖਾ) ਜਿਸਦੀ ਅਧਿਕਾਰਤਾ ਵਿੱਚ ਪੁਲ ਜਾਂ ਸੜਕਾਂ ਆਉਂਦੀਆਂ ਹਨ;

(ਅ) "ਅਥਾਰਟੀ" ਦਾ ਮਤਲਬ ਹੈ ਇੱਕ ਕਾਰਜਪਾਲਕ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਇਮਾਰਤ ਅਤੇ ਸੜਕਾਂ ਸ਼ਾਖਾ) ਜਿਸਦੀ ਅਧਿਕਾਰਤਾ ਵਿੱਚ ਪੁਲ ਜਾਂ ਸੜਕ ਆਉਂਦੀ ਹੈ;

(ੲ) "ਪੁਲ" ਦਾ ਮਤਲਬ ਹੈ ਇੱਕ ਸਥਾਈ ਜਾਂ ਅਸਥਾਈ ਪੁਲ ਜਾਂ ਸੜਕ ਦੇ ਉਪਰਲਾ ਪੁਲ ਜਾਂ ਸੜਕ ਦੇ ਹੇਠਲਾ ਪੁਲ ਜਾਂ ਫ਼ਲਾਈਓਵਰ ਜਾਂ ਉੱਚੀ ਸੜਕ ਜਾਂ ਵਾਹਨਾਂ ਲਈ ਹੇਠਲਾ ਪਾਸ ਜਾਂ ਬੇੜੀ ਸੇਵਾਵਾਂ, ਜੋ ਪਹਿਲੀ ਅਨੁਸੂਚੀ ਵਿੱਚ ਉਲਿਖਤ ਕੀਤੀਆਂ ਗਈਆਂ ਹਨ, ਅਤੇ ਇਸ ਵਿੱਚ ਅਜਿਹੇ ਹੋਰ ਸਥਾਈ ਜਾਂ ਅਸਥਾਈ ਪੁਲ ਜਾਂ ਸੜਕ ਦੇ ਉੱਪਰਲਾ ਪੁਲ ਜਾਂ ਸੜਕ ਦੇ ਹੇਠਲਾ ਪੁਲ ਜਾਂ ਫਲਾਈਓਵਰ ਜਾਂ ਉੱਚੀ ਸੜਕ ਜਾਂ ਵਾਹਨਾਂ ਲਈ ਹੇਠਲਾ ਪਾਸ ਜਾਂ ਬੇੜੀ ਸੇਵਾਵਾਂ ਸ਼ਾਮਲ ਹੋਣਗੀਆਂ, ਜੋ ਰਾਜ ਸਰਕਾਰ ਦੁਆਰਾ ਇਸ ਨਮਿੱਤ ਸਮੇਂ-ਸਮੇਂ ਤੇ ਅਧਿਸੂਚਿਤ ਕੀਤੇ ਗਏ ਹੋਣ;

(ੲੳ) "ਬਾਈਪਾਸ" ਦਾ ਮਤਲਬ ਹੈ ਆਵਾਜਾਈ ਦੇ ਸੰਚਾਲਨ ਨੂੰ ਸੌਖਾ ਕਰਨ ਲਈ ਕਿਸੇ ਸ਼ਹਿਰ ਜਾਂ ਨਗਰ ਦੇ ਆਲ਼ੇ-ਦੁਆਲ਼ੇ ਉਸਾਰੀ ਗਈ ਸੜਕ;

(ੲਅ) "ਰਿਆਇਤ" ਵਿੱਚ ਕਿਸੇ ਸੜਕ ਪ੍ਰੋਜੈਕਟ ਦੇ ਕਿਸੇ ਪਹਿਲੂ ਦੇ ਸੰਬੰਧ ਵਿੱਚ ਰਿਆਇਤਧਾਰਕ ਨੂੰ ਦਿੱਤਾ ਗਿਆ ਕੋਈ ਅਧਿਕਾਰ ਜਾਂ ਹਿੱਤ ਅਤੇ ਨਾਲ ਹੀ ਸੜਕ ਪ੍ਰੋਜੈਕਟ ਦੀ ਵਿਵਹਾਰਕਤਾ ਅਤੇ ਵਣਜਕ ਕਾਰਗਰੀ ਨੂੰ ਸੁਨਿਸ਼ਚਿਤ

ਕਰਨ ਲਈ ਰਾਜ ਸਰਕਾਰ ਦੁਆਰਾ ਦਿੱਤਾ ਗਿਆ ਕੋਈ ਉਪਦਾਨ, ਆਰਥਿਕ ਸਹਾਇਤਾ, ਗ੍ਰਾਂਟ ਜਾਂ ਉਸੇ ਵਰਗਾ ਹੋਰ ਵਿੱਤੀ ਉਤਸ਼ਾਹ ਸ਼ਾਮਲ ਹੈ;

(ੲੲ) "ਰਿਆਇਤਧਾਰਕ" ਦਾ ਮਤਲਬ ਹੈ ਉਹ ਵਿਅਕਤੀ, ਜਿਸਨੂੰ ਤੱਤ ਸਮੇਂ ਨਾਫ਼ਜ਼ ਕਿਸੇ ਕਾਨੂੰਨ ਦੇ ਅਧੀਨ ਸੜਕ ਪ੍ਰੋਜੈਕਟ ਦੇ ਵਿੱਤ-ਪੋਸ਼ਣ, ਵਿਕਾਸ, ਉਸਾਰੀ, ਸੰਚਾਲਨ ਅਤੇ ਰੱਖ-ਰਖਾਅ ਲਈ, ਜਾਂ ਕੇਵਲ ਸੰਚਾਲਨ ਅਤੇ ਰੱਖ-ਰਖਾਅ ਲਈ ਚੁਣਿਆ ਗਿਆ ਹੈ ਅਤੇ ਰਿਆਇਤ ਦਿੱਤੀ ਗਈ ਹੈ;

(ੲਸ) "ਰਿਆਇਤ ਕਰਾਰ" ਦਾ ਮਤਲਬ ਹੈ ਰਾਜ ਸਰਕਾਰ ਅਤੇ ਰਿਆਇਤਧਾਰਕ ਵਿਚਕਾਰ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ ਸੜਕ ਪ੍ਰੋਜੈਕਟ ਵਿੱਚ ਪ੍ਰਾਈਵੇਟ ਭਾਗ ਲੈਣ ਲਈ ਰਿਆਇਤ ਦੇਣ ਦੇ ਪ੍ਰਯੋਜਨਾਂ ਲਈ ਤਕਮੀਲ ਕੀਤੇ ਗਏ ਮੁਆਇਦਿਆਂ ਵਿੱਚੋਂ ਕੋਈ ਵੀ ਮੁਆਇਦਾ;

(ੲਹ) "ਰਿਆਇਤ ਫ਼ੀਸ" ਦਾ ਮਤਲਬ ਹੈ ਧਨ ਦੀ ਉਹ ਰਕਮ ਜੋ ਕਿਸੇ ਸੜਕ ਪ੍ਰੋਜੈਕਟ ਦਾ ਜਿੰਮਾ ਲੈਣ ਲਈ ਰਿਆਇਤ ਦੇਣ ਦੇ ਬਦਲੇ, ਰਿਆਇਤਧਾਰਕ ਦੁਆਰਾ ਰਾਜ ਸਰਕਾਰ ਜਾਂ ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ ਐਕਟ, 1998 ਦੀ ਧਾਰਾ 3 ਅਧੀਨ ਸਥਾਪਤ ਕੀਤੇ ਗਏ ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ, ਜਿਹੀ ਕਿ ਸੂਰਤ ਹੋਵੇ, ਨੂੰ ਅਦਾ ਕੀਤੀ ਜਾਣੀ ਲੋੜੀਂਦੀ ਹੈ;

(ੲਕ) "ਮੁਆਇਦਾ ਕਰਾਰ" ਦਾ ਮਤਲਬ ਹੈ ਕਿਸੇ ਸੜਕ ਪ੍ਰੋਜੈਕਟ ਵਿੱਚ ਟੋਲ ਲਗਾਉਣ ਅਤੇ ਉਗਰਾਹੁਣ ਦੇ ਪ੍ਰਯੋਜਨਾਂ ਲਈ ਰਾਜ ਸਰਕਾਰ ਅਤੇ ਇੱਕ ਠੇਕੇਦਾਰ ਵਿਚਕਾਰ, ਤੱਤ ਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ, ਤਕਮੀਲ ਕੀਤਾ ਗਿਆ ਕੋਈ ਮੁਆਇਦਾ;

(ੲਖ) "ਠੇਕੇਦਾਰ" ਦਾ ਮਤਲਬ ਹੈ ਉਹ ਵਿਅਕਤੀ ਜਿਸਨੂੰ ਤੱਤ ਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ, ਰਾਜ ਸਰਕਾਰ ਦੁਆਰਾ ਉਸਾਰੇ, ਵਿਕਸਤ, ਸੰਚਾਲਤ ਅਤੇ/ਜਾਂ ਰੱਖ-ਰਖਾਅ ਕੀਤੇ ਗਏ ਕਿਸੇ ਸੜਕ ਪ੍ਰੋਜੈਕਟ ਜਾਂ ਕਿਸੇ ਪ੍ਰਾਈਵੇਟ

ਫ਼ੰਡ ਵਾਲੇ ਪ੍ਰੋਜੈਕਟ ਅਧੀਨ, ਟੋਲ ਲਗਾਉਣ ਅਤੇ ਉਗਰਾਹੁਣ ਲਈ ਚੁਣਿਆ ਗਿਆ ਹੈ ਅਤੇ ਮੁਆਇਦਾ ਐਵਾਰਡ ਕੀਤਾ ਗਿਆ ਹੈ;

(ੲਗ) "ਉੱਚੀ ਸੜਕ" ਦਾ ਮਤਲਬ ਹੈ ਸੜਕ ਦਾ ਕੋਈ ਵੀ ਅਨੁਭਾਗ ਜੋ ਥੰਮ੍ਹਾਂ, ਠੋਸ ਭਰਨ ਜਾਂ ਥਮ੍ਹਲਿਆਂ ਦੇ ਸਹਾਰੇ ਰਾਹੀਂ ਜ਼ਮੀਨ ਦੇ ਪੱਧਰ ਤੋਂ ਉੱਚਾ ਚੁੱਕਿਆ ਗਿਆ ਹੋਵੇ, ਜਿਸ ਵਿੱਚ ਇਸਦੀਆਂ ਪਹੁੰਚ-ਸੜਕਾਂ ਵੀ ਸ਼ਾਮਲ ਹਨ, ਜਿਵੇਂ ਰਾਜ ਸਰਕਾਰ ਦੁਆਰਾ, ਸਮੇਂ-ਸਮੇਂ 'ਤੇ, ਇਸਦੇ ਨਮਿੱਤ ਅਧਿਸੂਚਿਤ ਕੀਤਾ ਗਿਆ ਹੈ;

(ੲਘ) "ਫ਼ਲਾਈਓਵਰ" ਦਾ ਮਤਲਬ ਹੈ ਜ਼ਮੀਨ ਦੇ ਪੱਧਰ ਤੋਂ ਉੱਚਾ ਚੁੱਕਿਆ ਹੋਇਆ ਸੜਕ ਦਾ ਕੋਈ ਵੀ ਅਨੁਭਾਗ ਜੋ ਕਿਸੇ ਸੜਕ/ਰੇਲ/ਇਮਾਰਤ/ਗਲੀ ਮਨੁੱਖ ਦੁਆਰਾ ਬਣਾਏ ਗਏ ਕਿਸੇ ਢਾਂਚੇ ਦੇ ਉੱਪਰੋਂ ਲੰਘਦਾ ਹੈ, ਜਿਸ ਵਿੱਚ ਇਸਦੀਆਂ ਪਹੁੰਚ-ਸੜਕਾਂ ਵੀ ਸ਼ਾਮਲ ਹਨ, ਜਿਵੇਂ ਰਾਜ ਸਰਕਾਰ ਦੁਆਰਾ, ਸਮੇਂ-ਸਮੇਂ 'ਤੇ ਇਸਦੇ ਨਮਿੱਤ ਅਧਿਸੂਚਿਤ ਕੀਤਾ ਗਿਆ ਹੈ;

(ਸ) "ਫ਼ੀਸ ਇੰਸਪੈਕਟਰ" ਦਾ ਮਤਲਬ ਹੈ ਅਥਾਰਟੀ ਦੁਆਰਾ ਟੋਲ ਉਗਰਾਹੁਣ ਲਈ ਅਧਿਕਾਰਤ ਕੀਤਾ ਗਿਆ ਰਾਜ ਸਰਕਾਰ ਦਾ ਇੱਕ ਅਧਿਕਾਰੀ;

(ਸਸ) "ਪੱਟਾ" ਵਿੱਚ ਰਾਜ ਸਰਕਾਰ ਦੁਆਰਾ ਕਿਸੇ ਸੜਕ ਪ੍ਰੋਜੈਕਟ ਦੇ ਵਿਕਾਸ, ਉਸਾਰੀ, ਮੁਰੰਮਤ, ਨਵੀਨੀਕਰਨ, ਪਸਾਰ, ਬਦਲੀ, ਪ੍ਰਤਿਸਥਾਪਨ, ਸੰਚਾਲਨ ਜਾਂ ਰੱਖ-ਰਖਾਅ ਜਾਂ ਇਸ ਨਾਲ ਅਨੁਸੰਗਕ ਕਿਸੇ ਹੋਰ ਸਰਗਰਮੀ ਵਿੱਚ ਜਾਂ ਇਸਦੇ ਮੁਤੱਲਕ ਵਿੱਚ ਭਾਗ ਲੈਣ ਨੂੰ ਸੁਨਿਸ਼ਚਿਤ ਕਰਨ ਲਈ ਕਿਸੇ ਵਿਅਕਤੀ ਨੂੰ ਦਿੱਤੇ ਗਏ ਕੋਈ ਅਧਿਕਾਰ, ਵਿਸ਼ੇਸ਼-ਅਧਿਕਾਰ, ਹਿੱਤ, ਵਿੱਤੀ ਉਤਸ਼ਾਹਨ, ਫ਼ਾਇਦਾ, ਉਪਦਾਨ ਜਾਂ ਆਰਥਿਕ ਸਹਾਇਤਾ ਦੀ ਕੋਈ ਗ੍ਰਾਂਟ ਜਾਂ ਅਵਾਰਡ ਸ਼ਾਮਲ ਹਨ, ਜੋ ਇਸਦੇ ਮੁਤੱਲਕ ਵਿੱਚ ਕੀਤੇ ਗਏ ਕਿਸੇ ਪੱਟੇ, ਰਿਆਇਤ ਜਾਂ ਪ੍ਰਬੰਧਨ ਮੁਆਇਦੇ ਦੇ ਰੂਪ ਵਿੱਚ ਹੋਵੇ, ਜਾਂ ਉਸ ਵਿੱਚ ਦਰਜ ਹੋਵੇ ਜਾਂ ਉਸਦੇ ਭਾਗ ਰੂਪ ਵਿੱਚ ਸ਼ਾਮਲ ਹੋਵੇ;

(ਹ) "ਮਸ਼ੀਨੀ ਗੱਡੀ" ਦਾ ਮਤਲਬ ਹੈ ਕੋਈ ਵੀ ਭਰੀ ਹੋਈ ਜਾਂ ਖ਼ਾਲੀ ਗੱਡੀ ਜੋ ਆਪਣੀ ਖ਼ੁਦ ਦੀ ਸ਼ਕਤੀ ਅਧੀਨ ਚੱਲਣ ਲਈ ਡਿਜ਼ਾਇਨ ਕੀਤੀ ਗਈ ਹੋਵੇ,

ਜਿਸ ਵਿੱਚ ਮੋਟਰ ਗੱਡੀ ਐਕਟ, 1988 (1988 ਦਾ ਕੇਂਦਰੀ ਐਕਟ ਨੰ. 59) ਵਿੱਚ ਪਰਿਭਾਸ਼ਿਤ ਮੋਟਰ ਗੱਡੀ ਸ਼ਾਮਲ ਹੈ;

(ਕ) "ਰਾਸ਼ਟਰੀ ਰਾਜ-ਮਾਰਗ" ਦਾ ਮਤਲਬ ਹੈ ਰਾਸ਼ਟਰੀ ਰਾਜ-ਮਾਰਗ ਐਕਟ, 1956 (1956 ਦਾ ਕੇਂਦਰੀ ਐਕਟ ਨੰ. 48) ਨਾਲ ਨੱਥੀ ਅਨੁਸੂਚੀ ਵਿੱਚ ਉਲਿਖਤ ਕੀਤਾ ਗਿਆ ਰਾਸ਼ਟਰੀ ਰਾਜ-ਮਾਰਗ;

(ਕਕ) "ਪ੍ਰਾਈਵੇਟ ਭਾਗ ਲੈਣ" ਦਾ ਮਤਲਬ ਹੈ ਰਾਜ ਸਰਕਾਰ ਜਾਂ ਲੋਕ ਬੌਡੀ ਤੋਂ ਬਿਨਾਂ ਹੋਰ ਕਿਸੇ ਵੀ ਵਿਅਕਤੀ ਦੁਆਰਾ ਸੜਕ ਪ੍ਰੋਜੈਕਟਾਂ ਦੇ ਵਿਕਾਸ, ਰੱਖ-ਰਖਾਅ ਜਾਂ ਸੰਚਾਲਨ ਵਿੱਚ ਭਾਗ ਲੈਣਾ, ਜਿਵੇਂ ਰਾਜ ਸਰਕਾਰ ਦੁਆਰਾ ਸਮੇਂ-ਸਮੇਂ ਤੇ ਇਜਾਜ਼ਤ ਦਿੱਤੀ ਜਾਵੇ;

(ਖ) "ਸੜਕ" ਦਾ ਮਤਲਬ ਹੈ ਰਾਸ਼ਟਰੀ ਰਾਜ ਮਾਰਗ ਤੋਂ ਬਿਨਾਂ ਕੋਈ ਸੜਕ ਜਾਂ ਸੜਕ ਦਾ ਅਨੁਭਾਗ ਜਾਂ ਬਾਈਪਾਸ, ਜੋ ਦੂਜੀ ਅਨੁਸੂਚੀ ਵਿੱਚ ਉਲਿਖਤ ਕੀਤੀ ਗਈ ਹੈ ਅਤੇ ਇਸ ਵਿੱਚ ਅਜਿਹੀ ਹੋਰ ਸੜਕ ਜਾਂ ਸੜਕ ਦਾ ਅਨੁਭਾਗ ਜਾਂ ਬਾਈਪਾਸ ਸ਼ਾਮਲ ਹੋਵੇਗਾ, ਜਿਵੇਂ ਰਾਜ ਸਰਕਾਰ ਦੁਆਰਾ ਸਮੇਂ-ਸਮੇਂ ਤੇ ਇਸ ਨਮਿੱਤ ਅਧਿਸੂਚਿਤ ਕੀਤਾ ਜਾਵੇ;

(ਖਖ) "ਸੜਕ ਪ੍ਰੋਜੈਕਟ" ਦਾ ਮਤਲਬ ਹੈ ਅਜਿਹਾ ਪ੍ਰੋਜੈਕਟ, ਜਿਸ ਵਿੱਚ ਕਿਸੇ ਸੜਕ ਅਤੇ/ਜਾਂ ਪੁਲ ਦਾ ਵਿਕਾਸ, ਉਸਾਰੀ, ਮੁਰੰਮਤ, ਨਵੀਨੀਕਰਨ, ਪਸਾਰ, ਬਦਲੀ, ਪ੍ਰਤਿਸਥਾਪਨ, ਰੱਖ-ਰਖਾਅ ਜਾਂ ਸੰਚਾਲਨ ਸ਼ਾਮਲ ਹੋ ਸਕਦਾ ਹੈ;

(ਖਖਖ) "ਸੜਕ ਉਪਰਲਾ ਪੁਲ" ਦਾ ਮਤਲਬ ਹੈ ਅਜਿਹਾ ਸੜਕ ਉਪਰਲਾ ਪੁਲ ਜੋ ਰੇਲਵੇ ਟਰੈਕ ਦੇ ਉੱਪਰੋਂ ਲੰਘਦਾ ਹੈ, ਜਿਵੇਂ ਪਹਿਲੀ ਅਨੁਸੂਚੀ ਵਿੱਚ ਉਲਿਖਤ ਕੀਤਾ ਗਿਆ ਹੈ ਅਤੇ ਇਸ ਵਿੱਚ ਅਜਿਹੇ ਸੜਕ ਉਪਰਲੇ ਪੁਲ ਸ਼ਾਮਲ ਹੋਣਗੇ, ਜਿਹਨਾਂ ਨੂੰ ਰਾਜ ਸਰਕਾਰ ਦੁਆਰਾ ਸਮੇਂ-ਸਮੇਂ ਤੇ ਇਸ ਤਰ੍ਹਾਂ ਅਧਿਸੂਚਿਤ ਕੀਤਾ ਜਾਵੇ;

(ਖਖਖਖ) "ਸੜਕ ਹੇਠਲਾ ਪੁਲ" ਦਾ ਮਤਲਬ ਹੈ ਅਜਿਹਾ ਸੜਕ ਹੇਠਲਾ ਪੁਲ ਜੋ ਰੇਲਵੇ ਟਰੈਕ ਦੇ ਹੇਠਾਂ ਤੋਂ ਲੰਘਦਾ ਹੈ, ਅਤੇ ਜਿਸਨੂੰ ਰਾਜ ਸਰਕਾਰ ਦੁਆਰਾ ਇਸ ਤਰ੍ਹਾਂ ਅਧਿਸੂਚਿਤ ਕੀਤਾ ਗਿਆ ਹੈ;

(ਗ) "ਅਨੁਸੂਚੀ" ਦਾ ਮਤਲਬ ਹੈ ਇਸ ਐਕਟ ਨਾਲ ਨੱਥੀ ਕੀਤੀ ਗਈ ਅਨੁਸੂਚੀ;

(ਘ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ; ਅਤੇ

(ਙ) "ਵਾਹਨਾਂ ਲਈ ਹੇਠਲਾ ਪਾਸ" ਦਾ ਮਤਲਬ ਹੈ ਵਾਹਨਾਂ ਦੇ ਲੰਘਣ ਲਈ ਇੱਕ ਸੜਕ ਜੋ ਕਿਸੇ ਸੜਕ, ਬਾਈਪਾਸ ਦੇ ਹੇਠਾਂ ਤੋਂ ਲੰਘਦਾ ਹੈ ਅਤੇ ਜਿਵੇਂ ਰਾਜ ਸਰਕਾਰ ਦੁਆਰਾ ਇਸ ਨਮਿੱਤ ਸਮੇਂ-ਸਮੇਂ 'ਤੇ ਅਧਿਸੂਚਿਤ ਕੀਤਾ ਗਿਆ ਹੈ।

ਟੋਲ ਦੀ ਦਰ ਅਤੇ ਇਸਦੀ ਅਦਾਇਗੀ।

3. (1) ਸੜਕ ਪ੍ਰੋਜੈਕਟ ਦੀ ਵਰਤੋਂ ਕਰਨ ਵਾਲੀ ਹਰੇਕ ਮਸ਼ੀਨੀ ਗੱਡੀ 'ਤੇ ਅਜਿਹੀ ਦਰ ਤੇ ਜਿਵੇਂ ਰਾਜ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਹਰ ਮਸ਼ੀਨੀ ਗੱਡੀ ਲਈ ਅਧਿਸੂਚਿਤ ਕੀਤਾ ਜਾਵੇ, ਪਰ ਤੀਜੀ ਅਨੁਸੂਚੀ ਵਿੱਚ ਉਲਿਖਤ ਅਨੁਸਾਰ ਵੱਧ ਤੋਂ ਵੱਧ ਦਰਾਂ ਤੋਂ ਨਾ ਵੱਧ, ਟੋਲ ਲਗਾਇਆ ਜਾਵੇਗਾ ਅਤੇ ਰਾਜ ਸਰਕਾਰ ਨੂੰ ਅਦਾ ਕੀਤਾ ਜਾਵੇਗਾ। ਰਾਜ ਸਰਕਾਰ, ਸੜਕਾਂ, ਬਾਈਪਾਸਾਂ, ਪੁਲਾਂ, ਫਲਾਈਓਵਰਾਂ, ਉੱਚੀਆਂ ਚੁੱਕੀਆਂ ਸੜਕਾਂ, ਵਾਹਣ ਲਈ ਹੇਠਲੇ ਪਾਸ, ਸੜਕ ਉਪਰਲੇ ਪੁਲਾਂ ਜਾਂ ਸੜਕ ਹੇਠਲੇ ਪੁਲਾਂ ਲਈ ਟੋਲ ਦੀਆਂ ਵੱਖ-ਵੱਖ ਦਰਾਂ ਅਧਿਸੂਚਿਤ ਕਰ ਸਕੇਗੀ:

ਪਰੰਤੂ ਜੇ ਰਾਜ ਸਰਕਾਰ ਦੀ ਰਾਇ ਵਿੱਚ, ਤੀਜੀ ਅਨੁਸੂਚੀ ਵਿੱਚ ਉਲਿਖਤ, ਅਧਿਕਤਮ ਦਰਾਂ ਵਿੱਚ ਸੁਧਾਈ ਕਰਨਾ ਜ਼ਰੂਰੀ ਜਾਂ ਹਾਲਾਤ ਅਨੁਸਾਰ ਉੱਚਿਤ ਹੈ, ਤਾਂ ਉਨ੍ਹਾਂ ਦੀ ਅਧਿਸੂਚਨਾ ਦੁਆਰਾ ਸੁਧਾਈ ਕੀਤੀ ਜਾ ਸਕੇਗੀ:

ਪਰੰਤੂ ਇਹ ਹੋਰ ਕਿ ਸ਼ਸਤਰਧਾਰੀ ਸੈਨਾਵਾਂ ਦੀਆਂ ਗੱਡੀਆਂ ਅਤੇ ਅਜਿਹੀਆਂ ਹੋਰ ਮਸ਼ੀਨੀ ਗੱਡੀਆਂ ਜਾਂ ਮਸ਼ੀਨੀ ਗੱਡੀਆਂ ਦੀ ਸ਼੍ਰੇਣੀ ਜਾਂ ਕਿਸੇ ਵਿਅਕਤੀਆਂ ਦੇ ਵਰਗ ਜਾਂ ਵਿਅਕਤੀ ਵਿਸ਼ੇਸ਼ ਤੇ ਕੋਈ ਟੋਲ ਨਹੀਂ ਲਗਾਇਆ ਜਾਵੇਗਾ, ਜਿਨ੍ਹਾਂ ਨੂੰ ਰਾਜ ਸਰਕਾਰ, ਆਮ ਜਾਂ ਵਿਸ਼ੇਸ਼ ਹੁਕਮ ਦੁਆਰਾ, ਟੋਲ ਲਾਉਣ ਜਾਂ ਅਦਾਇਗੀ ਕਰਨ ਤੋਂ ਛੋਟ ਦੇ ਸਕੇਗੀ:

ਪਰੰਤੂ ਇਹ ਹੋਰ ਕਿ ਮੋਟਰ ਗੱਡੀਆਂ ਐਕਟ, 1988 (1988 ਦਾ ਕੇਂਦਰੀ ਐਕਟ ਨੰ. 59) ਦੇ ਅਧੀਨ ਕਿਸੇ ਵਿਅਕਤੀ ਦੀ ਦੇਣਦਾਰੀ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਰਾਜ ਸਰਕਾਰ, ਅਧਿਸੂਚਨਾ ਦੁਆਰਾ, ਉਸ ਐਕਟ ਦੇ ਅਧੀਨ ਇਜਾਜ਼ਤੀ ਭਾਰ ਤੋਂ ਵੱਧ ਭਾਰ

ਲਿਜਾਣ ਵਾਲੇ ਕਿਸੇ ਵੀ ਮਾਲ ਗੱਡੀ ’ਤੇ, ਅਦਾਇਗੀਯੋਗ ਟੋਲ ਦੀ ਦੁੱਗਣੀ ਰਕਮ ਤੋਂ ਵੱਧ ਨਾ ਹੋਣ ਵਾਲਾ ਵਾਧੂ ਟੋਲ ਲਗਾ ਸਕੇਗੀ।

(2) ਮਸ਼ੀਨੀ ਗੱਡੀ ਦਾ ਹਰੇਕ ਇੰਚਾਰਜ ਵਿਅਕਤੀ, ਪੁਲ ਪਾਰ ਕਰਨ ਜਾਂ ਸੜਕ ਦੀ ਵਰਤੋਂ ਕਰਨ ਤੋਂ ਪਹਿਲਾਂ, ਜਿਹੀ ਕਿ ਸੂਰਤ ਹੋਵੇ, ਪ੍ਰਵੇਸ਼ ਜਗ੍ਹਾ ’ਤੇ ਤੈਨਾਤ ਫ਼ੀਸ ਇੰਸਪੈਕਟਰ ਨੂੰ ਟੋਲ ਅਦਾ ਕਰੇਗਾ ਅਤੇ ਟੋਲ ਦੀ ਰਕਮ ਅਦਾ ਕਰਨ ਦੇ ਪ੍ਰਮਾਣ ਵਜੋਂ ਰਸੀਦ ਪ੍ਰਾਪਤ ਕੀਤੇ ਬਿਨਾਂ ਪੁਲ ਪਾਰ ਨਹੀਂ ਕਰੇਗਾ ਜਾਂ ਸੜਕ ਦੀ ਵਰਤੋਂ ਨਹੀਂ ਕਰੇਗਾ, ਜਿਹੀ ਕਿ ਸੂਰਤ ਹੋਵੇ।

(3) ਅਜਿਹੀ ਰਸੀਦ ਪੁਲ ਜਾਂ ਸੜਕ, ਜਿਹੀ ਕਿ ਸੂਰਤ ਹੋਵੇ, ਦੇ ਹੋਰ ਪ੍ਰਵੇਸ਼ ਜਗ੍ਹਾ ਤੇ ਤੈਨਾਤ ਫ਼ੀਸ ਇੰਸਪੈਕਟਰ ਨੂੰ ਮੰਗ ’ਤੇ ਦਿਖਾਈ ਜਾਵੇਗੀ, ਜਿਹੀ ਕਿ ਸੂਰਤ ਹੋਵੇ।

ਟੋਲ ਦੀ ਉਗਰਾਹੀ ਨੂੰ ਪੱਟੇ ਤੇ ਦੇਣ ਜਾਂ ਅਧਿਕਾਰਤ ਕਰਨ ਦੀ ਸ਼ਕਤੀ।

4. (1) ਇਸ ਐਕਟ ਦੀ ਧਾਰਾ 3 ਦੇ ਉਪਬੰਧਾਂ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਰਾਜ ਸਰਕਾਰ ਲਈ ਅਜਿਹੀ ਉਗਰਾਹੀ ਲਈ ਅਧਿਕਾਰਤ ਕਰਨ ਲਈ ਕਿਸੇ ਪੁਲ ਜਾਂ ਸੜਕ ਜਾਂ ਸੜਕ ਪ੍ਰੋਜੈਕਟ ਤੇ ਟੋਲ ਦੀ ਉਗਰਾਹੀ ਨੂੰ,–

(i) ਕਿਸੇ ਵਿਅਕਤੀ ਨੂੰ, ਰਾਜ ਸਰਕਾਰ ਦੁਆਰਾ ਤੈਅ ਮੁੱਦਤ ਲਈ ਬੋਲੀਆਂ ਦੇ ਸੱਦੇ ਰਾਹੀਂ, ਜਿੱਥੇ ਅਜਿਹਾ ਸੜਕ ਪ੍ਰੋਜੈਕਟ ਰਾਜ ਸਰਕਾਰ ਦੁਆਰਾ ਜਾਂ ਕਿਸੇ ਪ੍ਰਾਈਵੇਟ ਫ਼ੰਡ ਪ੍ਰੋਜੈਕਟ ਅਧੀਨ ਉਸਾਰਿਆ, ਵਿਕਸਤ, ਸੰਚਾਲਿਤ ਅਤੇ/ਜਾਂ ਰੱਖ-ਰਖਾਅ ਕੀਤਾ ਗਿਆ ਸੀ ਅਤੇ ਮੁਆਇਦੇ ਕਰਾਰ ਦੇ ਅਧੀਨ ਅਥਾਰਟੀ ਕੋਲ ਕਰਾਰਤ ਰਕਮ ਜਮ੍ਹਾਂ ਕਰਾਉਣ ’ਤੇ ਜਾਂ ਕੁੱਲ ਉਗਰਾਹੀ ਵਿੱਚੋਂ ਇੱਕ ਰਕਮ ਦੇ ਅਦਾ ਕਰਨ ’ਤੇ, ਜਿਵੇਂ ਉਪਰੋਕਤ ਕਰਾਰ ਅਧੀਨ ਕਰਾਰਤ ਕੀਤੀ ਗਈ ਹੋਵੇ; ਜਾਂ

(ii) ਉਸ ਵਿਅਕਤੀ ਨੂੰ, ਜਿਸਨੇ ਅਜਿਹੇ ਸੜਕ ਪ੍ਰੋਜੈਕਟ ਦੀ ਉਸਾਰੀ, ਵਿਕਾਸ, ਸੰਚਾਲਨ ਅਤੇ ਰੱਖ-ਰਖਾਅ ਲਈ ਕਰਾਰ ਕੀਤੀ ਮੁੱਦਤ ਲਈ ਅਤੇ ਰਿਆਇਤ ਕਰਾਰ ਅਧੀਨ ਕਰਾਰਤ ਹੋਈ ਦਰ ਤੇ ਆਪਣਾ ਖ਼ੁਦ ਦਾ ਧਨ ਲਗਾਇਆ ਸੀ ਅਤੇ ਅਜਿਹੀ ਸੂਰਤ ਵਿੱਚ, ਪੱਟੇਦਾਰ ਉਗਰਾਹੇ ਗਏ ਟੋਲ ਦੀ ਰਕਮ ਨੂੰ ਉਸ ਹੱਦ ਤੱਕ ਆਪਣੇ

ਕੋਲ ਰੱਖੇਗਾ, ਜਿਵੇਂ ਉਪਰੋਕਤ ਕਰਾਰ ਅਧੀਨ ਕਰਾਰਤ ਕੀਤਾ ਗਿਆ ਹੈ; ਜਾਂ

(iii) ਉਸ ਵਿਅਕਤੀ ਨੂੰ, ਜਿਸਨੇ ਅਜਿਹੇ ਸੜਕ ਪ੍ਰੋਜੈਕਟ ਦੇ ਸੰਚਾਲਨ ਅਤੇ ਰੱਖ-ਰਖਾਅ ਲਈ ਕਰਾਰ ਕੀਤੀ ਮੁੱਦਤ ਲਈ ਅਤੇ ਰਿਆਇਤ ਕਰਾਰ ਅਧੀਨ ਕਰਾਰਤ ਹੋਈ ਦਰ ਤੇ ਆਪਣਾ ਖ਼ੁਦ ਦਾ ਧਨ ਲਗਾਇਆ ਸੀ ਅਤੇ ਅਜਿਹੀ ਸੂਰਤ ਵਿੱਚ, ਪੱਟੇਦਾਰ ਉਗਰਾਹੇ ਗਏ ਟੋਲ ਦੀ ਰਕਮ ਨੂੰ ਉਸ ਹੱਦ ਤੱਕ ਆਪਣੇ ਕੋਲ ਰੱਖੇਗਾ, ਜਿਵੇਂ ਉਪਰੋਕਤ ਕਰਾਰ ਅਧੀਨ ਕਰਾਰਤ ਕੀਤਾ ਗਿਆ ਹੈ,

ਪੱਟੇ 'ਤੇ ਦੇਣਾ ਕਾਨੂੰਨ-ਪੂਰਨ ਹੋਵੇਗਾ।

(2) ਜਿੱਥੇ ਉਪ-ਧਾਰਾ (1) ਦੇ ਅਧੀਨ ਟੋਲ ਦੀ ਉਗਰਾਹੀ ਪੱਟੇ 'ਤੇ ਦਿੱਤੀ ਗਈ ਹੈ, ਉੱਥੇ ਪੱਟੇਦਾਰ ਦੁਆਰਾ ਨਿਯੋਜਤ ਕੋਈ ਵਿਅਕਤੀ, ਪੱਟੇ ਦੀਆਂ ਸ਼ਰਤਾਂ ਦੇ ਤਾਬੇ, ਇਸ ਐਕਟ ਜਾਂ ਇਸਦੇ ਅਧੀਨ ਬਣਾਏ ਗਏ ਨਿਯਮਾਂ ਅਧੀਨ ਫ਼ੀਸ ਇੰਸਪੈਕਟਰ ਨੂੰ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਸੌਂਪੇ ਗਏ ਕਰਤੱਵਾਂ ਨੂੰ ਨਿਭਾਏਗਾ।

(3) ਪੱਟੇਦਾਰ ਅਤੇ ਉਸ ਦੁਆਰਾ ਟੋਲ ਪ੍ਰਬੰਧਨ ਅਤੇ ਉਗਰਾਹੀ ਕਰਨ ਵਿੱਚ ਨਿਯੋਜਤ ਕੀਤੇ ਗਏ ਸਾਰੇ ਵਿਅਕਤੀ ਅਥਾਰਟੀ ਦੁਆਰਾ ਕੀਤੇ ਗਏ ਹੁਕਮਾਂ ਨੂੰ ਮੰਨਣ ਲਈ ਪਾਬੰਦ ਹੋਣਗੇ:

ਪਰੰਤੂ ਕੋਈ ਹੁਕਮ, ਜੋ ਰਿਆਇਤ ਕਰਾਰ ਜਾਂ ਮੁਆਇਦੇ ਕਰਾਰ ਦੇ ਨਿਬੰਧਨਾਂ ਅਤੇ ਸ਼ਰਤਾਂ ਨੂੰ ਪ੍ਰਭਾਵਤ ਕਰਦਾ ਹੋਵੇ, ਜਿਹੀ ਕਿ ਸੂਰਤ ਹੋਵੇ, ਰਾਜ ਸਰਕਾਰ ਦੀ ਪੂਰਬਲੀ ਪ੍ਰਵਾਨਗੀ ਨਾਲ ਹੀ ਕੀਤਾ ਜਾਵੇਗਾ।

ਫ਼ੀਸ ਇੰਸਪੈਕਟਰ ਦੀ ਸ਼ਕਤੀ।

5. (1) ਮਸ਼ੀਨੀ ਗੱਡੀ ਚਲਾਉਣ ਵਾਲਾ ਵਿਅਕਤੀ , ਇਸ ਐਕਟ ਦੁਆਰਾ ਜਾਂ ਇਸਦੇ ਅਧੀਨ ਫ਼ੀਸ ਇੰਸਪੈਕਟਰ ਤੇ ਅਰੋਪੇ ਗਏ ਕਰਤੱਵਾਂ ਨੂੰ ਨਿਭਾਉਣ ਲਈ ਉਸਨੂੰ ਸਮਰੱਥ ਬਣਾਉਣ ਲਈ, ਗੱਡੀ ਰੋਕਣਾ ਕਾਰਤ ਕਰੇਗਾ ਜਦੋਂ ਉਸ ਤੋਂ ਅਜਿਹਾ ਕਰਨਾ ਲੋੜਿਆ ਜਾਵੇ।

(2) ਫ਼ੀਸ ਇੰਸਪੈਕਟਰ ਅਜਿਹੇ ਹੋਰ ਕਰਤੱਵਾਂ ਨੂੰ ਨਿਭਾਏਗਾ ਜੋ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਵਿੱਚ ਉਲਿਖਤ ਕੀਤੇ ਗਏ ਹਨ।

6. (1) ਜੋ ਕੋਈ ਵੀ — ਅਪਰਾਧ ਅਤੇ ਡੰਨ ।

(ੳ) ਇਸ ਐਕਟ ਦੇ ਉਪਬੰਧਾਂ ਦੀ ਪਾਲਣਾ ਕੀਤੇ ਬਿਨਾਂ ਪੁਲ ਪਾਰ ਕਰਨ ਜਾਂ ਸੜਕ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਦਾ ਹੈ;

(ਅ) ਇਸ ਐਕਟ ਦੁਆਰਾ ਜਾਂ ਇਸ ਦੇ ਅਧੀਨ ਫ਼ੀਸ ਇੰਸਪੈਕਟਰ ਤੇ ਅਰੋਪੇ ਗਏ ਕਰਤੱਵਾਂ ਦੇ ਨਿਭਾਉਣ ਵਿੱਚ ਉਸਨੂੰ ਰੁਕਾਵਟ ਪਾਉਂਦਾ ਹੈ ਜਾਂ ਰੁਕਾਵਟ ਪਾਉਣ ਦੀ ਕੋਸ਼ਿਸ਼ ਕਰਦਾ ਹੈ; ਜਾਂ

(ੲ) ਇਸ ਐਕਟ ਦੇ ਕਿਸੇ ਉਪਬੰਧ ਜਾਂ ਇਸਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਅਜਿਹੇ ਉਪਬੰਧਾਂ ਜਾਂ ਨਿਯਮਾਂ ਅਧੀਨ ਕੀਤੇ ਗਏ ਕਿਸੇ ਹੁਕਮ ਜਾਂ ਨਿਰਦੇਸ਼ ਦੀ ਉਲੰਘਣਾ ਕਰਦਾ ਹੈ ਜਾਂ ਉਲੰਘਣਾ ਕਰਨ ਦੀ ਕੋਸ਼ਿਸ਼ ਕਰਦਾ ਹੈ; ਜਾਂ

(ਸ) ਟੋਲ ਅਦਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ;

ਸਿੱਧ-ਦੋਸ਼ ਹੋਣ 'ਤੇ ਉਹ ਜੁਰਮਾਨੇ ਦਾ ਭਾਗੀ ਹੋਵੇਗਾ ਜੋ ਤਿੰਨ ਹਜ਼ਾਰ ਰੁਪਏ ਤੱਕ ਹੋ ਸਕੇਗਾ:

ਪਰੰਤੂ ਜੇ ਕੋਈ ਵਿਅਕਤੀ ਫ਼ੀਸ ਇੰਸਪੈਕਟਰ ਜਾਂ ਰਿਆਇਤਧਾਰਕ, ਜਿਹੀ ਕਿ ਸੂਰਤ ਹੋਵੇ, ਦੁਆਰਾ ਮੰਗ ਕੀਤੇ ਜਾਣ 'ਤੇ ਟੋਲ ਦੇ ਬਰਾਬਰ ਟੋਲ ਅਤੇ ਡੰਨ ਦੀ ਰਕਮ ਅਦਾ ਕਰ ਦਿੰਦਾ ਹੈ, ਤਾਂ ਉਹ ਸਿੱਧ-ਦੋਸ਼ ਲਈ ਭਾਗੀ ਨਹੀਂ ਹੋਵੇਗਾ।

(2) ਕੋਈ ਮੈਜਿਸਟਰੇਟ ਇਸ ਐਕਟ ਅਧੀਨ ਕਿਸੇ ਅਪਰਾਧ ਦਾ ਸਮਾਇਤ ਅਧਿਕਾਰ ਫ਼ੀਸ ਇੰਸਪੈਕਟਰ ਦੁਆਰਾ ਲਿਖਤੀ ਰੂਪ ਵਿੱਚ ਕੀਤੀ ਗਈ ਸ਼ਿਕਾਇਤ ਦੇ ਸਿਵਾਏ ਨਹੀਂ ਲਵੇਗਾ।

7. ਟੋਲ ਦੀ ਉਗਰਾਹੀ ਦੇ ਮੁਤੱਲਕ ਵਿੱਚ ਦੁਖਿਤ ਕੋਈ ਵਿਅਕਤੀ ਅਥਾਰਟੀ ਕੋਲ ਸ਼ਿਕਾਇਤ ਦਰਜ ਕਰਵਾ ਸਕਦਾ ਹੈ, ਜੋ, ਸ਼ਿਕਾਇਤਕਰਤਾ ਨੂੰ ਸੁਣਵਾਈ ਦਾ ਵਾਜ਼ਬ ਮੌਕਾ ਦੇਣ ਪਿੱਛੋਂ, ਸ਼ਿਕਾਇਤ ਦਰਜ ਕਰਨ ਦੀ ਤਰੀਕ ਤੋਂ ਪੰਦਰਾਂ ਦਿਨਾਂ ਦੇ ਅੰਦਰ ਇਸ ਮਾਮਲੇ ਵਿੱਚ ਅਜਿਹੇ ਹੁਕਮ ਪਾਸ ਕਰੇਗਾ ਜੋ ਉਹ ਉਚਿਤ ਸਮਝੇ: ਸ਼ਿਕਾਇਤਾਂ।

ਪਰੰਤੂ ਕੋਈ ਹੁਕਮ ਜੋ ਰਿਆਇਤ ਕਰਾਰ ਦੇ ਨਿਬੰਧਨਾਂ ਅਤੇ ਸ਼ਰਤਾਂ ਨੂੰ ਪ੍ਰਭਾਵਤ ਕਰਦਾ ਹੈ, ਰਾਜ ਸਰਕਾਰ ਦੀ ਪੂਰਬਲੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਵੇਗਾ।

ਅਪੀਲਾਂ ।

8. (1) ਇਸ ਐਕਟ ਦੀ ਧਾਰਾ 7 ਅਧੀਨ ਪਾਸ ਕੀਤੇ ਗਏ ਹੁਕਮ ਤੋਂ ਦੁਖਿਤ ਕੋਈ ਵਿਅਕਤੀ, ਉਸ ਹੁਕਮ ਦੀ ਸੰਸੂਚਨਾ ਮਿਲਣ ਦੇ ਤੀਹ ਦਿਨਾਂ ਦੇ ਅੰਦਰ, ਅਪੀਲੀ ਅਥਾਰਟੀ ਨੂੰ ਅਪੀਲ ਕਰ ਸਕੇਗਾ।

(2) ਅਪੀਲੀ ਅਥਾਰਟੀ, ਅਪੀਲਕਰਤਾ ਅਤੇ ਅਥਾਰਟੀ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਪਿੱਛੋਂ, ਜਾਂ ਤਾਂ ਅਪੀਲ ਨੂੰ ਰੱਦ ਕਰਨ ਜਾਂ ਅਪੀਲ ਨੂੰ ਸਵੀਕਾਰ ਕਰਨ ਦਾ ਅਜਿਹਾ ਹੁਕਮ ਪਾਸ ਕਰ ਸਕੇਗੀ ਜਿਵੇਂ ਕੇਸ ਦੇ ਹਾਲਾਤਾਂ ਅਨੁਸਾਰ ਉਹ ਉੱਚਿਤ ਸਮਝੇ।

(3) ਅਪੀਲ 'ਤੇ ਅਪੀਲੀ ਅਥਾਰਟੀ ਦਾ ਫ਼ੈਸਲਾ ਅੰਤਿਮ ਹੋਵੇਗਾ ਅਤੇ ਸ਼ਕਤਵਾਨ ਅਧਿਕਾਰਤਾ ਵਾਲੀ ਉੱਚ ਅਦਾਲਤ ਨੂੰ ਛੱਡ ਕੇ ਕਿਸੇ ਅਦਾਲਤ ਵਿੱਚ ਇਸ 'ਤੇ ਉਜਰ ਨਹੀਂ ਕੀਤਾ ਜਾਵੇਗਾ।

ਕਾਰਵਾਈਆਂ 'ਤੇ ਰੋਕ ।

9. ਇਸ ਐਕਟ ਜਾਂ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੇ ਅਧੀਨ ਨੇਕ-ਨੀਤੀ ਨਾਲ ਕੀਤੀ ਉਠਾਇਆ ਗਈ ਜਾਂ ਕੀਤੀ ਜਾਣੀ ਤਾਤਪਰਜ਼ਤ ਕਿਸੇ ਕਾਰਜ ਲਈ ਜਾਂ ਕਿਸੇ ਗੱਲ ਲਈ ਕਿਸੇ ਅਧਿਕਾਰਤ ਵਿਅਕਤੀ ਦੇ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ।

ਦੀਵਾਨੀ ਅਦਾਲਤ ਦੀ ਅਧਿਕਾਰਤਾ ਖ਼ਾਰਜ ਕਰਨਾ ।

10. ਕਿਸੇ ਦੀਵਾਨੀ ਅਦਾਲਤ ਕੋਲ ਕਿਸੇ ਮਾਮਲੇ ਵਿੱਚ ਜਿਸਦਾ ਨਿਪਟਾਰਾ ਕਰਨ ਜਾਂ ਸਮਾਇਤ ਅਧਿਕਾਰ ਲੈਣ, ਅਤੇ ਉਸ ਤਰੀਕੇ ਦੇ ਬਾਬਤ ਜਿਸ ਵਿੱਚ ਰਾਜ ਸਰਕਾਰ ਜਾਂ ਅਜਿਹਾ ਵਿਅਕਤੀ ਜਾਂ ਅਥਾਰਟੀ ਇਸ ਐਕਟ ਜਾਂ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਜਾਂ ਅਧੀਨ ਇਸ ਜਾਂ ਉਸ ਵਿੱਚ ਨਿਹਿਤ ਕਿਸੇ ਸ਼ਕਤੀ ਦੀ ਵਰਤੋਂ ਕਰਦੀ ਹੈ, ਅਧਿਕਾਰਤਾ ਨਹੀਂ ਹੋਵੇਗੀ ਜਿਸ ਲਈ ਰਾਜ ਸਰਕਾਰ ਜਾਂ ਕਿਸੇ ਹੋਰ ਵਿਅਕਤੀ ਜਾਂ ਅਥਾਰਟੀ ਨੂੰ ਇਸ ਐਕਟ ਜਾਂ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਸ਼ਕਤੀ ਦਿੱਤੀ ਗਈ ਹੈ।

ਨਿਯਮ ਬਣਾਉਣ ਦੀ ਸ਼ਕਤੀ ।

11. ਰਾਜ ਸਰਕਾਰ, ਅਧਿਸੂਚਨਾ ਦੁਆਰਾ, ਟੋਲ ਦੇ ਲਗਾਉਣ ਅਤੇ ਉਗਰਾਹੀ ਨੂੰ ਸੁਨਿਸ਼ਚਿਤ ਕਰਨ ਲਈ ਅਤੇ ਆਮ ਤੌਰ 'ਤੇ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ, ਇਸ ਐਕਟ ਦੇ ਸੰਗਤ ਨਿਯਮ ਬਣਾ ਸਕੇਗੀ।

ਪਹਿਲੀ ਅਨੁਸੂਚੀ

[ਧਾਰਾ 2(ੲ) ਵੇਖੋ]

(i) ਮੋਰਿੰਡਾ ਵਿਖੇ ਰੇਲਵੇ ਉੱਪਰਲਾ ਪੁਲ।

(ii) ਚੰਡੀਗੜ੍ਹ-ਲੁਧਿਆਣਾ ਸੜਕ 'ਤੇ ਸਰਹਿੰਦ ਨਹਿਰ ਤੇ ਨੀਲੋਂ ਪੁਲ।

(iii) ਚੰਡੀਗੜ੍ਹ-ਕੁਰਾਲੀ ਵਾਇਆ ਪੜੌਲ ਸੜਕ-ਪੜੌਲ ਪੁਲ।

(iv) ਬਿਆਸ ਦਰਿਆ ਤੇ ਟਾਂਡਾ ਸ੍ਰੀ ਹਰਗੋਬਿੰਦਪੁਰ ਪੁਲ।

ਦੂਜੀ ਅਨੁਸੂਚੀ

[ਧਾਰਾ 2(ਖ) ਦੇਖੋ]

(i) ਚੰਡੀਗੜ੍ਹ-ਲੁਧਿਆਣਾ ਸੜਕ।

(ii) ਰੋਪੜ-ਨਵਾਂਸ਼ਹਿਰ-ਫਗਵਾੜਾ ਸੜਕ।

(iii) ਹੁਸ਼ਿਆਰਪੁਰ-ਜਲੰਧਰ ਸੜਕ।

## ਤੀਜੀ ਅਨੁਸੂਚੀ

(ਧਾਰਾ 3 ਦੇਖੋ)

ਸਹੂਲਤ ਦੇ ਉਪਭੋਗਤਾਵਾਂ ਤੋਂ ਵਸੂਲੀ ਜਾਣ ਵਾਲੀ ਟੋਲ ਦੀ ਦਰ ਦੀ ਅਨੁਸੂਚੀ

| ਲੜੀ ਨੰ. | ਗੱਡੀਆਂ ਦੇ ਵੇਰਵੇ | ਇੱਕ ਪੁਲ ਲਈ ਪ੍ਰਤੀ ਗੇੜਾ ਭਾਰਿਤ ਕੀਤੀ ਜਾਣ ਵਾਲੀ ਫ਼ੀਸ ਦੀ ਵੱਧ ਤੋਂ ਵੱਧ ਦਰ | ਇੱਕ ਸੜਕ ਲਈ ਪ੍ਰਤੀ ਕਿਲੋਮੀਟਰ ਪ੍ਰਤੀ ਗੇੜਾ ਭਾਰਿਤ ਕੀਤੀ ਜਾਣ ਵਾਲੀ ਫ਼ੀਸ ਦੀ ਵੱਧ ਤੋਂ ਵੱਧ ਦਰ |
|---|---|---|---|
| 1 | ਮੋਟਰ ਸਾਈਕਲ, ਸਕੂਟਰ ਜਾਂ ਕਲ ਨਾਲ ਚੱਲਣ ਵਾਲੀ ਕੋਈ ਹੋਰ ਦੋ ਪਹੀਆ ਗੱਡੀ | ਨਿੱਲ | ਨਿੱਲ |
| 2 | ਮੋਟਰ ਕਾਰ, ਟੈਕਸੀ, ਜੀਪ, ਪਿਕਅੱਪ ਵੈਨ, ਸਟੇਸ਼ਨ ਵੈਗਨ, ਟੈਂਪੂ, ਆਟੋ ਰਿਕਸ਼ਾ, ਤਿੰਨ ਪਹੀਆ ਵਾਲਾ ਸਕੂਟਰ ਜਾਂ ਟਰੇਲਰ ਦੇ ਨਾਲ ਜਾਂ ਬਿਨਾਂ ਆਪਣੇ ਆਪ ਚੱਲਣ ਵਾਲੀਆਂ ਹੋਰ ਹਲਕੀਆਂ ਗੱਡੀਆਂ | ਰੁ. 30.00 | ਰੁ. 1.00 |
| 3 | ਬੱਸ, ਟਰੱਕ ਅਤੇ ਹੋਰ ਭਾਰੀ ਗੱਡੀਆਂ ਜਿਨ੍ਹਾਂ ਵਿੱਚ ਮਾਲ/ਯਾਤਰੀਆਂ ਨਾਲ ਲੱਦੇ/ਅਣਲੱਦੇ ਟਰੱਕ-ਟਰੇਲਰ ਦੇ ਜੁੱਟ ਸ਼ਾਮਲ ਹਨ। | ਰੁ. 100.00 | ਰੁ. 2.50 |
| 4 | ਉੱਪਰ ਜ਼ਿਕਰ ਨਾ ਕੀਤੇ ਗਏ ਹੋਰ ਕਲ ਨਾਲ ਚੱਲਣ ਵਾਲੀਆਂ ਗੱਡੀਆਂ ਜਿਵੇਂ ਲੱਦੇ ਹੋਏ/ਅਣਲੱਦੇ ਹੋਏ ਮੋਬਾਇਲ ਕਰੇਨ ਡੋਜ਼ਰ, ਮਿੱਟੀ ਚੁੱਕਣ ਵਾਲੇ ਰੋਡ ਰੋਲਰ ਆਦਿ। | ਰੁ. 150.00 | ਰੁ. 4.00 |

ਨੋਟ :– ਇਸ ਐਕਟ ਦੀ ਧਾਰਾ 2 ਅਧੀਨ ਪਰਿਭਾਸ਼ਤ ਸੜਕ ਪ੍ਰੋਜੈਕਟ ਲਈ, ਜਿੱਥੇ ਸੜਕ ਅਤੇ ਪੁਲ ਦੋਵੇਂ ਇਸਦਾ ਹਿੱਸਾ ਹਨ, ਭਾਰਿਤ ਕੀਤੀ ਜਾਣ ਵਾਲੀ ਫ਼ੀਸ ਦੀ ਵੱਧ ਤੋਂ ਵੱਧ ਦਰ ਉਪਰੋਕਤ ਸਾਰਣੀ ਵਿੱਚ ਦਿੱਤੀ ਗਈ ਅਜਿਹੀ ਸੜਕ ਅਤੇ ਪੁਲ ਲਈ ਵੱਧ ਤੋਂ ਵੱਧ ਫ਼ੀਸ ਜੋੜ ਕੇ ਪ੍ਰਾਪਤ ਕੀਤੇ ਅਨੁਸਾਰ ਨਿਰਧਾਰਤ ਕੀਤੀ ਜਾਵੇਗੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

ਡਿਸਕਲੇਮਰ:– ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3824/9-2026/Pb. Govt. Press, S.A.S. Nagar*